Paper code-212201

Roll no......................

Department of Punjabi
University of Delhi

Name of Examination : M.A. Sem.I-2(Regular)
Subject : Punjabi
Course : 201
Paper : Punjabi Vartak: Sidhant, Itihas ate parvirtian
(Admission of 2009 & onwards)
(May, 2018)

**Time: 3 Hours** **Maximum Marks:70**

**ਨੋਟ: ਪਹਿਲੇ ਭਾਗ ਵਿਚੋਂ ਕੋਈ ਇਕ ਪ੍ਰਸ਼ਨ ਕਰੋ, ਦੂਜੇ ਭਾਗ ਵਿਚੋਂ ਕੋਈ ਤਿੰਨ ਅਤੇ ਤੀਜੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

**ਭਾਗ–ਪਹਿਲਾ**

1. ਆਧੁਨਿਕ ਪੰਜਾਬੀ ਵਾਰਤਕ ਦੇ ਵਿਕਾਸ ਦੇ ਇਤਿਹਾਸਕ ਪਹਿਲੂਆਂ ਉੱਤੇ ਚਾਨਣਾ ਪਾਓ।

ਜਾਂ

ਸਫ਼ਰਨਾਮਾ ਰੂਪਾਕਾਰ ਦੀ ਸਿਧਾਂਤਕ ਜਾਣ-ਪਛਾਣ ਕਰਵਾਓ। 14

**ਭਾਗ–ਦੂਜਾ**

2. ਭਾਈ ਵੀਰ ਸਿੰਘ ਕ੍ਰਿਤ 'ਪੁਰਾਤਨ ਜਨਮ ਸਾਖੀ' ਵਿਚੋਂ ਕਿਹੋ ਜਿਹਾ ਨਾਨਕ ਬਿੰਬ ਉੱਭਰਦਾ ਹੈ?ਉਦਾਹਰਨਾਂ ਸਹਿਤ ਲਿਖੋ।
3. ਅਜੀਤ ਕੌਰ ਦੀ ਸਵੈ-ਜੀਵਨੀ 'ਖਾਨਾਬਦੋਸ਼'ਦੀ ਸਵੈ-ਜੀਵਨੀ ਵਿਧਾ ਵਜੋਂ ਆਲੋਚਨਾਤਮਕ ਪੜ੍ਹਤ ਪੇਸ਼ ਕਰੋ।
4. 'ਮੇਰੀਆਂ ਅਭੁੱਲ ਯਾਦਾਂ' ਪੁਸਤਕ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਕਿਹੋ ਜਿਹੀ ਜੀਵਨ-ਜਾਚ ਦੀ ਪ੍ਰੇਰਨਾ ਦਿੰਦਾ ਹੈ?ਪੁਸਤਕ ਵਿਚੋਂ ਉਦਾਹਰਨਾਂ ਦੇ ਕੇ ਸਮਝਾਓ।
5. 'ਪੁਰਾਤਨ ਜਨਮ ਸਾਖੀ' ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਉਤੇ ਚਾਨਣਾ ਪਾਓ। 14×3=42

**ਭਾਗ–ਤੀਜਾ**

6. ੳ) ਪੰਜਾਬੀ ਦੀਆਂ ਕੋਈ ਦੋ ਸਵੈ-ਜੀਵਨੀਆਂ ਦੇ ਨਾਂ ਲਿਖੋ।
   ਅ) 'ਗੋਸ਼ਟ' ਵਾਰਤਕ ਰੂਪ ਬਾਰੇ ਸੰਖੇਪ ਜਾਣਕਾਰੀ ਦਿਓ।
   ੲ) 'ਕੰਗਾਲ ਕਵੀਆਂ ਦਾ ਕਲੱਬ' ਵਿਚ ਲੇਖਕ ਦੇ ਅਨੁਭਵ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
   ਸ) ਕੀ ਸਾਖੀ ਅਤੇ ਜਨਮ ਸਾਖੀ ਵਿਚ ਕੋਈ ਅੰਤਰ ਹੈ? ਸਪੱਸ਼ਟ ਕਰੋ।
   ਹ) ਸਵੈ ਜੀਵਨੀ 'ਖਾਨਾਬਦੋਸ਼' ਦੇ ਕੋਈ ਦੋ ਕਾਂਡਾਂ ਦੇ ਨਾਂ ਲਿਖੋ।
   ਕ) 'ਪਾਪਾਂ ਸਰਾਪਾਂ ਦੀ ਥਾਂ ਚੰਨ ਤੇ ਸੂਰਜ'ਵਿਚ ਲੇਖਕ ਨੇ ਧਰਮ ਬਾਰੇ ਕੀ ਵਿਚਾਰ ਦਿੱਤੇ ਹਨ?
   ਖ) ਬਾਬਾ ਨਾਨਕ ਦੀਆਂ 'ਚਾਰ ਉਦਾਸੀਆਂ' ਦੀਆਂ ਕ੍ਰਮਵਾਰ ਦਿਸ਼ਾਵਾਂ ਦੱਸੋ। 7×2=14

Scanned with CamScanner

Paper code-212201

Roll no.....................

Department of Punjabi
University of Delhi

Name of Examination : M.A. Sem.I-2(NCWEB)
Subject : Punjabi
Course : 201
Paper : Punjabi Vartak: Sidhant, Itihas ate parvirtian
(Admission of 2009 & onwards)
(May, 2018)

**Time: 3 Hours** **Maximum Marks:100**

**ਨੋਟ: ਪਹਿਲੇ ਭਾਗ ਵਿਚੋਂ ਕੋਈ ਇਕ ਪ੍ਰਸ਼ਨ ਕਰੋ, ਦੂਜੇ ਭਾਗ ਵਿਚੋਂ ਕੋਈ ਤਿੰਨ ਅਤੇ ਤੀਜੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।**

**ਭਾਗ-ਪਹਿਲਾ**

1. 'ਪੁਰਾਤਨ ਪੰਜਾਬੀ ਵਾਰਤਕ ਦਾ ਮੁਖ ਵਿਸ਼ਾ ਧਰਮ ਅਤੇ ਵਿਸ਼ੇਸ਼ ਕਰਕੇ ਸਿੱਖ ਧਰਮ ਰਿਹਾ ਹੈ',ਇਸ ਕਥਨ ਦੇ ਪ੍ਰਸੰਗ ਵਿਚ ਪੁਰਾਤਨ ਪੰਜਾਬੀ ਵਾਰਤਕ ਦੀਆਂ ਵੰਨਗੀਆਂ ਦਾ ਵਰਨਣ ਕਰੋ।

ਜਾਂ

ਪੰਜਾਬੀ ਵਾਰਤਕ ਦਾ ਆਧੁਨਿਕ ਮੁਹਾਂਦਰਾ ਤਿਆਰ ਹੋਣ ਪਿੱਛੇ ਕਿਹੜੀਆਂ ਪ੍ਰਸਥਿਤੀਆਂ ਕਾਰਜਸ਼ੀਲ ਸਨ?ਵਿਸਤਾਰ ਸਹਿਤ ਲਿਖੋ। 20

**ਭਾਗ-ਦੂਜਾ**

2. ਪੁਰਾਤਨ ਜਨਮ ਸਾਖੀ ਸਾਹਿਤ ਵਿਧਾ ਜੀਵਨੀ ਜਾਂ ਗਲਪ ਤੋਂ ਕਿਵੇਂ ਵੱਖਰੀ ਹੈ? ਚਰਚਾ ਕਰੋ।
3. ਅਜੀਤ ਕੌਰ ਦੀ ਸਵੈ-ਜੀਵਨੀ 'ਖਾਨਾਬਦੋਸ਼' ਵਿਚਲੇ ਸਮਾਜਿਕ-ਸੱਭਿਆਚਾਰਕ ਸਰੋਕਾਰਾਂ ਉੱਤੇ ਰੌਸ਼ਨੀ ਪਾਓ।
4. 'ਮੇਰੀਆਂ ਅਭੁੱਲ ਯਾਦਾਂ' ਪੁਸਤਕ ਦੇ ਆਧਾਰ 'ਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਸ਼ੈਲੀ ਉੱਤੇ ਨੋਟ ਲਿਖੋ।
5. 'ਪੁਰਾਤਨ ਜਨਮ ਸਾਖੀ' ਦੇ ਵਰਣਿਤ ਵਿਸ਼ੇ ਅਤੇ ਵਸਤੂ-ਵਿਧਾਨ ਉੱਤੇ ਵਿਸਤ੍ਰਿਤ ਨੋਟ ਲਿਖੋ। 20×3=60

**ਭਾਗ-ਤੀਜਾ**

6. ੳ) ਪੁਰਾਤਨ ਪੰਜਾਬੀ ਵਾਰਤਕ ਦੇ ਕੋਈ ਚਾਰ ਰੂਪਾਕਾਰਾਂ ਦੇ ਨਾਂ ਲਿਖੋ।
   ਅ) ਸਵੈ-ਜੀਵਨੀ ਅਤੇ ਸੰਸਮਰਣ ਵਾਰਤਕ ਰੂਪਾਕਾਰ ਵਿਚਲਾ ਅੰਤਰ ਸਪਸ਼ਟ ਕਰੋ।
   ੲ) ਅਜੀਤ ਕੌਰ ਨੇ ਆਪਣੀ ਸਵੈ-ਜੀਵਨੀ ਦਾ ਨਾਂ 'ਖ਼ਾਨਾਬਦੋਸ਼'ਕਿਉਂ ਰੱਖਿਆ ਹੈ?
   ਸ) ਜੀਵਨੀ ਅਤੇ ਸਵੈ-ਜੀਵਨੀ ਵਿਚਲਾ ਅੰਤਰ ਸਪਸ਼ਟ ਕਰੋ।
   ਹ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਕੋਈ ਚਾਰ ਨਿਬੰਧ ਸੰਗ੍ਰਹਿ ਦੇ ਨਾਂ ਲਿਖੋ। 5×4=20

Scanned with CamScanner

Unique Code:....218202.....

M.A. (Punjabi) Sem. I-2

Course No-202

Paper: Punjabi Lokdhara ate Sabhiachar : Sidhant, Itihas ate Parvirtian

(Admission of 2009& onwards)

(Regular)

(May 2018)

Time: 3 Hours

Maximum Marks: 70

**ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ ।**

## ਭਾਗ ਪਹਿਲਾ

1. ਲੋਕਧਾਰਾ ਨੂੰ ਪਰਿਭਾਸ਼ਤ ਕਰਦਿਆਂ, ਇਸ ਦੇ ਪ੍ਰਮੁੱਖ ਲੱਛਣਾਂ ਨਾਲ ਜਾਣ ਪਛਾਣ ਕਰਾਓ ।

ਜਾਂ

ਲੋਕਧਾਰਾ ਅਤੇ ਸਾਹਿਤ ਦੇ ਅੰਤਰ-ਸੰਬੰਧਾਂ ਬਾਰੇ ਆਪਣੇ ਵਿਚਾਰ ਪੇਸ਼ ਕਰੋ । 14 x 1 = 14

## ਭਾਗ ਦੂਜਾ

2. ਸਭਿਆਚਾਰ ਨੂੰ ਪਰਿਭਾਸ਼ਤ ਕਰਦੇ ਹੋਏ ਇਸ ਦੀ ਪ੍ਰਕਿਰਤੀ ਅਤੇ ਤੱਤਾਂ ਬਾਰੇ ਵਿਸਤਾਰ ਨਾਲ ਚਰਚਾ ਕਰੋ ।

ਜਾਂ

ਸਭਿਆਚਾਰਕ ਰੂਪਾਂਤਰਣ ਬਾਰੇ ਵਿਸਤ੍ਰਿਤ ਨੋਟ ਲਿਖੋ । 14 x 1 = 14

## ਭਾਗ ਤੀਜਾ

3. ਔਰਤਾਂ ਅਤੇ ਮਰਦਾਂ ਦੁਆਰਾ ਨੱਚੇ ਜਾਣ ਵਾਲੇ ਪੰਜਾਬੀ ਲੋਕ ਨਾਚਾਂ ਨਾਲ ਜਾਣ-ਪਛਾਣ ਕਰਾਓ ।

**ਜਾਂ**

ਪੰਜਾਬੀ ਸਭਿਆਚਾਰ ਵਿਚ ਮੇਲੇ ਅਤੇ ਤਿਉਹਾਰਾਂ ਦੇ ਸਭਿਆਚਾਰਕ ਮਹੱਤਵ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿਉ।

14 x 1 = 14



Scanned with CamScanner

## ਭਾਗ ਚੌਥਾ

4. ਲੋਕ-ਕਥਾ ਨੂੰ ਪਰਿਭਾਸ਼ਤ ਕਰਦਿਆਂ ਇਸ ਦੇ ਤੱਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ ।

ਜਾਂ

ਪੰਜਾਬੀ ਸਭਿਆਚਾਰ ਦੇ ਕਿਹੜੇ ਲੱਛਣ ਇਸ ਦੀ ਨਿਵੇਕਲੀ ਪਛਾਣ ਬਣਾਉਂਦੇ ਹਨ? ਚਰਚਾ ਕਰੋ।  14 x 1 = 14

## ਭਾਗ ਪੰਜਵਾਂ

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਅਤੇ ਸਪਸ਼ਟ ਉੱਤਰ ਦਿਓ :

ੳ) ਪੰਜਾਬੀ ਸਭਿਆਚਾਰ ਵਿਚ ਜਨਮ ਸਮੇਂ ਦੀਆਂ ਕੋਈ ਦੋ ਰਸਮਾਂ ਦੀ ਜਾਣਕਾਰੀ ਦਿਓ ?
ਅ) ਪੰਜਾਬੀ ਲੋਕ ਨਾਟ ਦੀਆਂ ਚਾਰ ਪ੍ਰਮੁੱਖ ਵੰਨਗੀਆਂ ਕਿਹੜੀਆਂ ਹਨ?
ੲ) ਜਰਗ ਦਾ ਮੇਲਾ ਕਿੱਥੇ ਅਤੇ ਕਿਉਂ ਲਗਦਾ ਹੈ ?
ਸ) ਲੋਕ ਨਾਚ ਸੰਮੀ ਬਾਰੇ ਸੰਖੇਪ ਜਾਣਕਾਰੀ ਦਿਉ?
ਹ) ਪੰਜਾਬੀ ਸਾਕਾਚਾਰੀ ਪ੍ਰਣਾਲੀ ਦੀਆਂ ਪ੍ਰਮੁੱਖ ਦੋ ਧਿਰਾਂ ਬਾਰੇ ਦੱਸੋ?
ਕ) ਸਭਿਆਚਾਰ ਵਿਗਿਆਨ ਤੋਂ ਕੀ ਭਾਵ ਹੈ ?
ਖ) ਮਿੱਥ ਕਥਾ ਅਤੇ ਦੰਤ ਕਥਾ ਵਿਚਲੇ ਅੰਤਰ ਨੂੰ ਸਪਸ਼ਟ ਕਰੋ ।  02 x 7 = 14



Scanned with CamScanner

PG-212203(i)

Roll No.........

M.A. Semester. I-II
Punjabi Course No. 203(i)
Paper:Tulnatmak Vishav Sahit: Sidhant, Itihas te Parvirtian
(Admission of 2009 & Onwards)
Regular
May 2018

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 70**

**ਨੋਟ:**ਸਾਰੇ ਪ੍ਰਸ਼ਨ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ **ਇਕ**, ਦੂਜੇ ਭਾਗ ਵਿਚੋਂ **ਦੋ** ਅਤੇ ਤੀਜੇ ਭਾਗ ਵਿਚੋਂ ਕਿਸੇ **ਇਕ** ਪ੍ਰਸ਼ਨ ਦਾ ਉਤਰ ਦਿਓ। ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਯੂਨਾਨੀ ਨਾਟ-ਪਰੰਪਰਾ ਦੇ ਉਦਭਵ ਅਤੇ ਵਿਕਾਸ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਜਾਂ

ਪੱਛਮੀ ਨਾਵਲ ਪਰੰਪਰਾ ਦੇ ਸਿਧਾਂਤਕ ਅਤੇ ਇਤਿਹਾਸਕ ਪੱਖਾਂ ਦੀ ਵਿਆਖਿਆ ਉਸਾਰੋ। 1X14=14

## ਭਾਗ ਦੂਜਾ

**ਨੋਟ**-ਹੇਠ ਲਿਖਿਆਂ ਵਿਚੋਂ ਕਿਸੇ **ਦੋ** ਪ੍ਰਸ਼ਨਾਂ ਦਾ ਉੱਤਰ ਲਿਖੋ:-

2. ਸੋਫੋਕਲੀਜ਼ ਦੁਆਰਾ ਰਚਿਤ ਨਾਟਕ 'ਰਾਜਾ ਈਡੀਪਸ' ਵਿਚੋਂ ਤ੍ਰਾਸਦੀ ਦੀ ਲੈਅ ਦਾ ਬਿੰਬ ਕਿਵੇਂ ਉਭਰਦਾ ਹੈ? ਸਪਸ਼ਟ ਕਰੋ।
3. 'ਨਾਵਲ ਸਿਧਾਰਥ ਮਨੁੱਖੀ ਜੀਵਨ ਵਿਚਲੀ ਤਲਾਸ਼ ਦੀ ਬਿਰਤਾਂਤਕ ਪੇਸ਼ਕਾਰੀ ਹੈ।' ਇਸ ਕਥਨ ਦੀ ਪ੍ਰੋੜਤਾ ਵਿਚ ਆਪਣੇ ਵਿਚਾਰ ਲਿਖੋ।
4. 'ਅਨਤੋਨ ਚੈਖੋਵ ਦੀਆਂ ਕਹਾਣੀਆਂ' ਪੁਸਤਕ ਦੀ ਭੂਮਿਕਾ ਨੂੰ ਆਧਾਰ ਬਣਾਉਂਦੇ ਹੋਏ, ਕਹਾਣੀਕਾਰ ਦੇ ਮਨ ਵਿਚ ਉਪਜੇ ਰੂਸੀ ਸਮਾਜ ਦੇ ਦਵੰਦਾਤਮਕ ਪਹਿਲੂਆਂ ਨੂੰ ਚਰਚਾ ਦਾ ਵਿਸ਼ਾ ਬਣਾਓ।

2X14=28

## ਭਾਗ ਤੀਜਾ

5. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਵਿਹਾਰਕ ਸਮੀਖਿਆ ਕਰੋ:-
ਇਕ ਕਲਰਕ ਦੀ ਮੌਤ, ਤਿੱਤਲੀ, ਦੁਲਹਨ 1X14=14

## ਭਾਗ ਚੌਥਾ

6. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:-

- ਤੁਲਨਾਤਮਕ ਸਾਹਿਤ ਨਾਲ ਸੰਬੰਧਤ ਅਮਰੀਕੀ ਸਕੂਲ ਬਾਰੇ ਸੰਖੇਪ ਨੋਟ ਲਿਖੋ।
- ਪੱਛਮੀ ਨਾਵਲ ਪਰੰਪਰਾ ਨਾਲ ਸੰਬੰਧਤ ਚਾਰ ਨਾਵਲਾਂ ਦੇ ਨਾਮ ਲਿਖੋ।
- 'ਰਾਜਾ ਈਡੀਪਸ' ਨਾਟਕ ਵਿਚਲੇ ਕੋਈ ਚਾਰ ਪਾਤਰਾਂ ਦੇ ਨਾਂ ਲਿਖੋ।
- ਕੋਈ ਦੋ ਯੂਨਾਨੀ ਨਾਟਕਕਾਰਾਂ ਦੇ ਨਾਂ ਲਿਖੋ।
- ਨਾਵਲ 'ਸਿਧਾਰਥ' ਦੇ ਪਾਤਰ ਵਾਸੁਦੇਵ ਬਾਰੇ ਸੰਖੇਪ ਟਿੱਪਣੀ ਲਿਖੋ।
- ਵਿਰੇਚਨ ਤੋਂ ਕੀ ਭਾਵ ਹੈ? ਸਪਸ਼ਟ ਕਰੋ।
- 'ਤਿੱਤਲੀ' ਕਹਾਣੀ ਦੇ ਸਿਰਲੇਖ ਬਾਰੇ ਟਿੱਪਣੀ ਕਰੋ। 7X2=14

Scanned with CamScanner

PG-212203(ii)

Roll No.............

**M.A. Semester. I-II**
**Punjabi Course No. 203(ii)**
**Paper: Punjabi Media: Sidhant, Itihas te Parvirtian**
**(Admission of 2009 & Onwards)**
(Regular)
**May 2018**

ਕੁੱਲ ਸਮਾਂ: 3 ਘੰਟੇ

ਕੁੱਲ ਅੰਕ: 70

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ। ਪਹਿਲੇ ਭਾਗ ਵਿਚੋਂ ਇਕ, ਦੂਜੇ ਭਾਗ ਵਿਚੋਂ ਤਿੰਨ ਅਤੇ ਤੀਜੇ ਭਾਗ ਵਿਚੋਂ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

## ਭਾਗ ਪਹਿਲਾ

1. ਪੰਜਾਬੀ ਪੱਤਰਕਾਰੀ ਦਾ ਆਰੰਭ ਕਦੋਂ ਹੁੰਦਾ ਹੈ ਅਤੇ ਵੀਹਵੀਂ ਸਦੀ ਤੱਕ ਪਹੁੰਚਦਿਆਂ ਇਸ ਵਿਚ ਕਿਹੜੇ ਪੜਾਅ ਆਉਂਦੇ ਹਨ?

ਜਾਂ

ਪੰਜਾਬੀ ਸਿਨੇਮਾ ਦੇ ਬੁਨਿਆਦੀ ਸੰਕਲਪਾਂ ਬਾਰੇ ਵਿਸਤ੍ਰਿਤ ਚਰਚਾ ਕਰੋ। 1X14=14

## ਭਾਗ ਦੂਜਾ

ਨੋਟ-ਹੇਠ ਲਿਖਿਆਂ ਵਿਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ:-

2. ਭਾਰਤ ਵਿਚ ਟੀ.ਵੀ ਦੇ ਆਗਮਨ ਅਤੇ ਵਿਕਾਸ ਉਤੇ ਵਿਸਤ੍ਰਿਤ ਨੋਟ ਲਿਖੋ।
3. ਫੀਚਰ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਫੀਚਰ ਲਿਖਦੇ ਸਮੇਂ ਕਿਹੜੀਆਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ?
4. ਅਖ਼ਬਾਰਾਂ ਦੇ ਸੰਪਾਦਕ ਅਤੇ ਟੀ.ਵੀ ਖ਼ਬਰਾਂ ਦੇ ਸੰਪਾਦਕ ਦੀ ਭੂਮਿਕਾ ਵਿਚਲੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਬਾਰੇ ਚਰਚਾ ਕਰੋ।
5. 'ਇਸ਼ਤਿਹਾਰ ਇਕ ਸੰਚਾਰ ਸਾਧਨ ਹੈ।' ਇਸ ਕਥਨ ਦੀ ਪੁਸ਼ਟੀ ਕਰਦਿਆਂ ਇਕ ਵਿਸਤ੍ਰਿਤ ਨੋਟ ਲਿਖੋ।
6. ਸ਼ਮਾਚਾਰ ਇੱਕਤਰੀਕਰਨ ਤੋਂ ਕੀ ਭਾਵ ਹੈ? ਇਸਦੇ ਮੁੱਖ ਸੋਮੇਂ ਕਿਹੜੇ ਹਨ? 14X3=42

## ਭਾਗ ਤੀਜਾ

7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:-

ੳ. ਕੋਈ ਚਾਰ ਸਾਹਿਤਕ ਰਸਾਲਿਆਂ ਦੇ ਨਾਂ ਲਿਖੋ।
ਅ. 'ਡਾਇਰੈਕਟ ਟੂ ਹੋਮ' ਸੇਵਾ ਤੋਂ ਕੀ ਭਾਵ ਹੈ?
ੲ. ਆਈ.ਪੀ.ਟੀ.ਵੀ ਤੋਂ ਕੀ ਭਾਵ ਹੈ?
ਸ. ਮਸ਼ੀਨੀ ਅਨੁਵਾਦ ਤੋਂ ਕੀ ਭਾਵ ਹੈ?
ਹ. ਟੀ.ਵੀ ਰਿਪੋਰਟ ਅਤੇ ਅਖ਼ਬਾਰ ਦੀ ਰਿਪੋਰਟ ਵਿਚ ਕੀ ਅੰਤਰ ਹੈ?
ਕ. ਜਨ ਸੰਚਾਰ ਦੇ ਪ੍ਰਮੁੱਖ ਤਰੀਕੇ ਕਿਹੜੇ ਹਨ?
ਖ. ਪਰਵਾਸੀ ਪੰਜਾਬੀ ਪੱਤਰਕਾਰੀ ਦਾ ਆਰਥਿਕ ਅਧਾਰ ਕੀ ਹੈ? 7X2=14

Scanned with CamScanner

Paper code-212204(b)

Roll no......................

**Department of Punjabi**
**University of Delhi**

Name of Examination : M.A. Sem.I-2(Regular)
Subject : Punjabi
Course : 204(b)
Paper : Punjabi Lok Parampra te lok Sahit
(Admission of 2009 & onwards)
(April-May, 2018)

**Time : 3 Hours** **Maximum Marks :70**

**Note: ਸਾਰੇ ਪ੍ਰਸ਼ਨ ਲਾਜ਼ਮੀ ਹਨ/ सभी प्रश्न अनिवार्य हैं/ All questions are compulsory.**

**ਭਾਗ-ਪਹਿਲਾ/ भाग-1/Part-1** 1×16=16

1. What do you mean by folklore ? Write a detailed note on the changing face of folklore in modern times.
ਲੋਕਧਾਰਾ ਤੋਂ ਕੀ ਭਾਵ ਹੈ ? ਆਧੁਨਿਕ ਸਮੇਂ ਵਿਚ ਲੋਕਧਾਰਾ ਦੇ ਬਦਲਦੇ ਸਰੂਪ ਉੱਤੇ ਵਿਸਤ੍ਰਿਤ ਨੋਟ ਲਿਖੋ।
लोकधारा से क्या तात्पर्य है ? आधुनिक समय में लोकधारा के बदलते सवरूप पर एक विस्तृत नोट लिखें ।

or या ਜਾਂ

How folklore is helpful in literary creation? Disscus with examples.
ਸਾਹਿਤ ਸਿਰਜਣਾ ਵਿਚ ਲੋਕਧਾਰਾ ਕਿਸ ਤਰ੍ਹਾਂ ਸਹਾਇਕ ਸਿੱਧ ਹੁੰਦੀ ਹੈ ?ਉਦਾਹਰਨਾਂ ਸਹਿਤ ਰੋਸ਼ਨੀ ਪਾਓ।
साहित्य सृजन में लोकधारा कैसे सहायक है? उदाहरणों के साथ प्रकाश डालें ।

**ਭਾਗ-ਦੂਜਾ/ भाग-II/Part-11**

**Answer any three questions / कोई तीन प्रश्नों के उत्तर लिखें/ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ** 3×13=39

2. Define folk dance and write a detailed note on Punjabi folk dances.
ਲੋਕ ਨਾਚ ਨੂੰ ਪਰਿਭਾਸ਼ਤ ਕਰੋ ਅਤੇ ਪੰਜਾਬੀ ਲੋਕ ਨਾਚਾਂ 'ਤੇ ਵਿਸਤ੍ਰਿਤ ਨੋਟ ਲਿਖੋ।
लोक नृत्य को परिभाषित करें और पंजाबी लोक नृत्यों पर एक विस्तृत नोट लिखें।
3. What do you know about Punjabi folk-songs? Discuss in detail.
ਪੰਜਾਬੀ ਲੋਕ-ਗੀਤਾਂ ਬਾਰੇ ਤੁਸੀਂ ਕੀ ਜਾਣਦੇ ਹੋ?ਵਿਸਤਾਰ ਨਾਲ ਚਰਚਾ ਕਰੋ।
पंजाबी लोक-गीतों के बारे में आप क्या जानते हैं? विस्तार से चर्चा करें।
4. Write a detailed note on Punjabi folk-theatre.
ਪੰਜਾਬੀ ਲੋਕ ਨਾਟ ਬਾਰੇ ਵਿਸਤ੍ਰਿਤ ਨੋਟ ਲਿਖੋ।
पंजाबी लोक-नाट पर एक विस्तृत नोट लिखें ।
5. How the characters are sketched in Punjabi 'Folk–Tales'? Discuss in the context of book 'Baatan Mudh Kadeem dian'.
ਪੰਜਾਬੀ ਬਾਤਾਂ ਵਿਚ ਪਾਤਰਾਂ ਦਾ ਚਿਤਰਣ ਕਿਵੇਂ ਹੋਇਆ ਹੈ ?'ਬਾਤਾਂ ਮੁੱਢ ਕਦੀਮ ਦੀਆਂ' ਪੁਸਤਕ ਦੇ ਸੰਦਰਭ ਵਿਚ ਚਰਚਾ ਕਰੋ।
लोक कथाओं में पात्रों का कैसे चित्रण किया जाता है ? 'बातां मुढ़ कदीम दीयां" पुस्तक के संदर्भ में चर्चा करें ।

P.T.O.



Scanned with CamScanner

Part-III / भाग/ ਭਾਗ-ਤੀਜਾ

6. ਨੋਟ:- Give brief answers to all the following questions.

निम्न लिखित सभी प्रश्नों के संक्षिप्त उत्तर लिखें/ ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 5×3=15

i) What do you mean by folk literature ?
ਲੋਕ ਸਾਹਿਤ ਨੂੰ ਪਰਿਭਾਸ਼ਤ ਕਰੋ।
लोक साहित्य से क्या तात्पर्य है ?

ii) Provide brief information about any Punjabi fair or festival.
किसी एक पंजाबी मेले और त्योहार के बारे में संक्षिप्त जानकारी दें।
ਪੰਜਾਬੀ ਦੇ ਕਿਸੇ ਮੇਲੇ ਜਾਂ ਤਿਉਹਾਰ ਬਾਰੇ ਸੰਖੇਪ ਜਾਣਕਾਰੀ ਦਿਓ।

iii) Define the term 'Legend'.
ਦੰਤ ਕਥਾ ਨੂੰ ਪਰਿਭਾਸ਼ਤ ਕਰੋ ।
दन्त कथा को परिभाषित करें।

iv) What do you mean by folk motif ?
ਲੋਕ ਰੂੜੀ ਤੋਂ ਕੀ ਭਾਵ ?
लोक रूढ़ी को परिभाषित करें।

v) What is the difference between Ram Leela and Raas Leela ?
ਰਾਮ ਲੀਲਾ ਤੇ ਰਾਸ ਲੀਲਾ ਵਿਚਲਾ ਅੰਤਰ ਸਪੱਸ਼ਟ ਕਰੋ।
राम लीला और रास लीला में क्या अंतर है ?

Scanned with CamScanner

P-212401

Roll No. ..................

M.A. Sem II-2

Punjabi : Course No. 401

Parvasi Punjabi Sahit : Sidhant, Itihas ate Parvirtian

(Admission of 2009 & onwards)

(Regular)

(May 2018)

Timing : 3 Hours

Maximum Marks : 70

ਨੋਟ : ਇਸ ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਪਹਿਲੇ ਭਾਗ ਵਿਚੋਂ ਕਿਸੇ **ਇਕ**, ਦੂਜੇ ਵਿਚੋਂ ਕਿਸੇ **ਦੋ**, ਤੀਜੇ ਭਾਗ ਵਿਚੋਂ ਕਿਸੇ **ਇਕ** ਅਤੇ ਚੌਥੇ ਭਾਗ ਦੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।

## ਭਾਗ-ਪਹਿਲਾ

ਪ੍ਰ.1 ਪਰਵਾਸੀ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਨਿਸ਼ਾਨਦੇਹੀ ਕਰੋ। 14

ਜਾਂ

ਡਾਇਸਪੋਰਾ ਬਾਰੇ ਸਮੀਖਿਆਤਮਕ ਨੋਟ ਲਿਖੋ।

## ਭਾਗ-ਦੂਜਾ

ਪ੍ਰ.2 'ਆਪਣੇ ਖ਼ਿਲਾਫ਼' ਪੁਸਤਕ ਦੇ ਆਧਾਰ 'ਤੇ ਰਵਿੰਦਰ ਰਵੀ ਕਾਵਿ ਵਿਚੋਂ ਉਭਰਦੀ ਬ੍ਰਹਿਮੰਡੀ ਚੇਤਨਾ ਬਾਰੇ ਆਪਣਾ ਅਧਿਐਨ ਉਸਾਰੋ।

ਪ੍ਰ.3 'ਫਰੰਗੀਆਂ ਦੀ ਨੂੰਹ' ਸੰਗ੍ਰਹਿ ਵਿਚੋਂ ਉਭਰਨ ਵਾਲੇ ਨਾਰੀ ਹੋਂਦ ਦੇ ਮਸਲਿਆਂ ਬਾਰੇ ਆਪਣਾ ਅਧਿਐਨ ਉਲੀਕੋ।

ਪ੍ਰ.4 "'ਪੈੜ੍ਹਾਂ ਦੇ ਆਰ-ਪਾਰ' ਨਾਵਲ ਵਿਚ ਪੇਸ਼ 'ਨਾਰੀਵਾਦ' ਬਾਰੇ ਡੀਬੇਟ ਕੀ ਨਾਰੀ ਹੋਂਦ ਦੀ ਮੁਕਤੀ ਦਾ ਪ੍ਰਵਚਨ ਬਣਦੀ ਹੈ।" ਉੱਤਰ ਦਲੀਲਾਂ ਸਮੇਤ ਦਿਉ। 14×2=28

## ਭਾਗ-ਤੀਜਾ

ਪ੍ਰ.5 ਹੇਠ ਲਿਖਿਆਂ ਵਿਚੋਂ ਕਿਸੇ **ਇਕ** ਦਾ ਵਿਹਾਰਕ ਅਧਿਐਨ ਪੇਸ਼ ਕਰੋ : 14

(ੳ) ਪੰਜਾਬ ਦੀ ਲਾਸ਼

(ਅ) ਫਰੰਗੀਆਂ ਦੀ ਨੂੰਹ

## ਭਾਗ-ਚੌਥਾ

ਪ੍ਰ.6 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ : 2×7=14

(ੳ) ਉੱਤਰ ਬਸਤੀਵਾਦ ਬਾਰੇ ਟਿੱਪਣੀ ਕਰੋ।

(ਅ) 'ਗੁਲਬਾਨੋ' ਕਹਾਣੀ ਉਪਰ ਟਿੱਪਣੀ ਕਰੋ।

(ੲ) ਉਦਰੇਵਾਂ ਸੰਕਲਪ ਦੀ ਵਿਆਖਿਆ ਕਰੋ।

(ਸ) ਕੋਈ ਚਾਰ ਪਰਵਾਸੀ ਪੰਜਾਬੀ ਸਾਹਿਤ ਆਲੋਚਨਾ ਪੁਸਤਕਾਂ ਦੇ ਨਾਂ ਲਿਖੋ।

(ਹ) ਸਿਲੇਬਸ ਤੋਂ ਇਲਾਵਾ ਦਰਸ਼ਨ ਧੀਰ ਦੀਆਂ ਚਾਰ ਕਿਤਾਬਾਂ ਦੇ ਨਾਂ ਲਿਖੋ।

(ਕ) ਪੀੜੀ-ਵਿੱਥ ਬਾਰੇ ਟਿੱਪਣੀ ਕਰੋ।

(ਖ) 'ਆਪਣਾ ਦੇਸ਼' ਕਵਿਤਾ ਬਾਰੇ ਟਿੱਪਣੀ ਕਰੋ।

—0—

Scanned with CamScanner

212402

Roll No.............

**M.A.(Punjabi)Sem.II-2**
**Course No-402**
**Paper:Bhasha Vigian ate Punjabi Bhasha di Bantar:Sidhant,Itihas ate Parvirtian**
**(Admission of 2009& onwards)**
**(Regular)**
**(May-2018)**

**ਕੁੱਲ ਸਮਾਂ:ਤਿੰਨ ਘੰਟੇ** **ਕੁੱਲ ਅੰਕ:70**

ਨੋਟ: ਇਸ ਪ੍ਰਸ਼ਨ ਪੱਤਰ ਦੇ **ਪੰਜ** ਭਾਗ ਹਨ। ਸਾਰੇ ਭਾਗ ਲਾਜ਼ਮੀ ਹਨ। ਪਹਿਲੇ **ਚਾਰ** ਭਾਗਾਂ ਵਿਚੋਂ **ਇਕ-ਇਕ** ਪ੍ਰਸ਼ਨ ਕਰਨਾ ਲਾਜ਼ਮੀ ਹੈ ਜਦਕਿ ਭਾਗ **ਪੰਜਵੇਂ** ਦੇ **ਸਾਰੇ** ਪ੍ਰਸ਼ਨ ਸੰਖੇਪ ਵਿਚ ਕਰਨੇ ਹਨ।

## ਭਾਗ ਪਹਿਲਾ

1. ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਦਿੰਦੇ ਹੋਏ, ਇਸਦੇ ਕਾਰਜ ਖੇਤਰ ਬਾਰੇ ਵਿਸਤਾਰ ਵਿਚ ਚਰਚਾ ਕਰੋ। 14

ਜਾਂ

ਸੋਸਿਊਰ ਨੂੰ ਆਧੁਨਿਕ ਸੰਰਚਨਾਤਮਕ ਭਾਸ਼ਾ ਵਿਗਿਆਨ ਦਾ ਮੋਢੀ ਹੋਣ ਦਾ ਮਾਣ ਹਾਸਿਲ ਕਿਉਂ ਹੈ?ਇਸ ਬਾਰੇ ਆਪਣੇ ਵਿਚਾਰ ਪੇਸ਼ ਕਰੋ।

## ਭਾਗ ਦੂਜਾ

2. ਧੁਨੀ-ਵਿਗਿਆਨ ਨੂੰ ਪਰਿਭਾਸ਼ਤ ਕਰਦੇ ਹੋਏ, ਇਸਦੇ ਪ੍ਰਮੁੱਖ ਖੇਤਰ 'ਉਚਾਰਨ ਅੰਗਾਂ' ਬਾਰੇ ਜਾਣਕਾਰੀ ਦਿਓ। 14

ਜਾਂ

ਰੂਪ ਵਿਗਿਆਨ ਤੋਂ ਕੀ ਭਾਵ ਹੈ? ਰੂਪਗ੍ਰਾਮ ਕਿੰਨੇ ਪ੍ਰਕਾਰ ਦੇ ਹੁੰਦੇ ਹਨ ਤੇ ਕਿਹੜੀਆਂ ਵਿਧੀਆਂ ਨਾਲ ਸ਼ਬਦ ਰਚਨਾ ਕਰਦੇ ਹਨ? ਚਰਚਾ ਕਰੋ।

## ਭਾਗ ਤੀਜਾ

3. ਪੰਜਾਬੀ ਭਾਸ਼ਾ ਦੇ ਸੁਰ ਪ੍ਰਬੰਧ ਉਤੇ ਵਿਸਤਾਰ ਸਹਿਤ ਚਰਚਾ ਕਰੋ 14

ਜਾਂ

ਪੰਜਾਬੀ ਭਾਸ਼ਾ ਦਾ ਸੰਬੰਧ ਆਰਿਆਈ ਭਾਸ਼ਾ ਪਰਿਵਾਰ ਨਾਲ ਹੈ, ਇਸ ਬਾਰੇ ਵਿਸਤਾਰ ਸਹਿਤ ਨੋਟ ਲਿਖੋ।

## ਭਾਗ ਚੌਥਾ

4. ਵਿਭਕਤੀ ਦਾ ਕਾਰਕ ਨਾਲ ਕੀ ਸੰਬੰਧ ਹੈ? ਪੰਜਾਬੀ ਵਾਕ ਰਚਨਾ ਵਿਚ ਕਾਰਕ ਕਿਹੜੇ ਰੂਪਾਂ ਵਿਚ ਵਿਚਰਦਾ ਹੈ? ਨੋਟ ਲਿਖੋ। 14

ਜਾਂ

ਪੰਜਾਬੀ ਭਾਸ਼ਾ ਦੇ ਸਧਾਰਨ ਵਾਕਾਂ ਦੇ ਪੈਟਰਨਾਂ ਬਾਰੇ ਆਪਣੇ ਵਿਚਾਰ ਪੇਸ਼ ਕਰੋ।

## ਭਾਗ ਪੰਜਵਾਂ

5. **ਸਾਰੇ ਪ੍ਰਸ਼ਨਾਂ ਦੇ ਸੰਖੇਪ ਰੂਪ ਵਿਚ ਉੱਤਰ ਦਿਓ:**

ੳ. ਭਾਸ਼ਾ ਵਿਗਿਆਨ ਤੇ ਭਾਸ਼ਾ ਸ਼ਾਸਤਰ ਵਿਚ ਅੰਤਰ ਦੱਸੋ।
ਅ. ਪੰਜਾਬੀ ਭਾਸ਼ਾ ਦੇ ਦੀਰਘ ਸਵਰਾਂ ਬਾਰੇ ਜਾਣਕਾਰੀ ਦਿਓ।
ੲ. ਮਲਵਈ ਉਪਭਾਸ਼ਾ ਦਾ ਇਹ ਨਾਂ ਕਿਵੇਂ ਪਿਆ?
ਸ. ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ ਦਿਓ।
ਹ. 'ਸਲੈਂਗ' ਭਾਸ਼ਾ ਵੰਨਗੀ ਬਾਰੇ ਜਾਣਕਾਰੀ ਦਿਓ।
ਕ. ਪੰਜਾਬੀ ਭਾਸ਼ਾ ਦੇ ਲਿੰਗ ਪ੍ਰਬੰਧ ਬਾਰੇ ਟਿੱਪਣੀ ਕਰੋ।
ਖ. ਅਧਿਕਰਨ ਕਾਰਕ ਬਾਰੇ ਜਾਣਕਾਰੀ ਦਿਓ। $2\times7=14$

Scanned with CamScanner

PG-212403 Roll No.........

M.A. Semester. II.2

Punjabi Course No. 403

Paper: Pachhmi Sahit Sidhant ate Punjabi Alochna: Sidhant, Itihas te Parvirtian

(Admission of 2009 & Onwards)

Regular

May 2018

**ਕੁੱਲ ਸਮਾਂ: 3 ਘੰਟੇ** **ਕੁੱਲ ਅੰਕ: 70**

**ਨੋਟ:** ਸਾਰੇ ਪ੍ਰਸ਼ਨ ਲਾਜ਼ਮੀ ਹਨ।

**ਭਾਗ ਪਹਿਲਾ**

1. ਅਸਤਿਤਵਵਾਦ ਨੇ ਮਨੁੱਖੀ ਅਸਤਿਤਵ ਨਾਲ ਜੁੜੇ ਕਿਹੜੇ ਮੁੱਦਿਆਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ ? ਵਿਸਤਾਰ ਵਿਚ ਦੱਸੋ। 1X14=14

ਜਾਂ

ਯਥਾਰਥਵਾਦ ਨੇ ਇਕ ਕਲਾਤਮਕ ਲਹਿਰ ਵਜੋਂ ਕੀ ਨਵੀਆਂ ਸਥਾਪਨਾਵਾਂ ਪੇਸ਼ ਕੀਤੀਆਂ ? ਚਰਚਾ ਕਰੋ।

**ਭਾਗ ਦੂਜਾ**

2. ਮਾਰਕਸਵਾਦੀ ਦਰਸ਼ਨ ਕਿਸ ਤਰ੍ਹਾਂ ਦੇ ਸਮਾਜ ਦਾ ਮਾਡਲ ਪੇਸ਼ ਕਰਦਾ ਹੈ ? ਮਾਰਕਸਵਾਦ ਦੇ ਮੂਲ ਸਿਧਾਤਾਂ ਦੀ ਲੋਅ ਵਿਚ ਚਰਚਾ ਕਰੋ। 1X14=14

ਜਾਂ

ਰੂਸੀ ਰੂਪਵਾਦ ਦੀ ਸਾਹਿਤ ਸਿਧਾਂਤ ਦੇ ਖੇਤਰ ਵਿਚ ਕੀ ਦੇਣ ਹੈ ? ਚਰਚਾ ਕਰੋ।

**ਭਾਗ ਤੀਜਾ**

3. ਨਾਰੀਵਾਦ ਦੇ ਸਿਧਾਂਤਕ ਪੱਖ ਉੱਤੇ ਰੋਸ਼ਨੀ ਪਾਉਂਦੇ ਹੋਏ, ਇਸ ਦੇ ਉਤਰ-ਨਾਰੀਵਾਦ ਨਾਲ ਸੰਬੰਧਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 1X14=14

ਜਾਂ

"ਸੌਸਿਊਰ ਦੇ ਸੰਰਚਨਾਤਮਕ ਭਾਸ਼ਾ ਵਿਗਿਆਨ ਨੇ ਸੰਰਚਨਾਵਾਦ ਨੂੰ ਗਹਿਰੀ ਤਰ੍ਹਾਂ ਪ੍ਰਭਾਵਿਤ ਕੀਤਾ।" ਇਸ ਕਥਨ ਦੀ ਲੋਅ ਵਿਚ ਸੰਰਚਨਾਵਾਦ ਦੀਆਂ ਮੂਲ ਸਥਾਪਨਾਵਾਂ ਦੀ ਚਰਚਾ ਕਰੋ।

**ਭਾਗ ਚੌਥਾ**

4. ਪੰਜਾਬੀ ਆਲੋਚਨਾ ਦੇ ਆਰੰਭ ਤੇ ਵਿਕਾਸ ਉੱਤੇ ਵਿਸਤ੍ਰਿਤ ਨੋਟ ਲਿਖੋ। 1X14=14

ਜਾਂ

ਸੰਤ ਸਿੰਘ ਸੇਖੋਂ ਦੀ ਆਲੋਚਨਾ-ਦ੍ਰਿਸ਼ਟੀ ਉੱਤੇ ਵਿਸਤ੍ਰਿਤ ਨੋਟ ਲਿਖੋ।

**ਭਾਗ ਪੰਜਵਾਂ**

5. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉਤਰ ਲਿਖੋ:- 7X2=14

ੳ) ਆਲੋਚਨਾਤਮਕ ਯਥਾਰਥਵਾਦ ਤੋਂ ਕੀ ਭਾਵ ਹੈ ?

ਅ) "ਅਸਤਿਤਵਾਦ ਅਨੁਸਾਰ ਮਨੁੱਖ ਜੀਵਨ ਦਾ ਕੋਈ ਪੂਰਬਨਿਰਧਾਰਤ ਉਦੇਸ਼ ਨਹੀਂ ਹੈ।" ਟਿੱਪਣੀ ਕਰੋ।

ੲ) ਅਜਨਬੀਕਰਨ ਤੋਂ ਕੀ ਭਾਵ ਹੈ ?

ਸ) ਵਰਗ ਰਹਿਤ ਸਮਾਜ ਤੋਂ ਕੀ ਭਾਵ ਹੈ?

ਹ) ਉਤਰਸੰਰਚਨਾਵਾਦ ਦੇ ਚਾਰ ਚਿੰਤਕਾਂ ਦੇ ਨਾਂ ਲਿਖੋ।

ਕ) ਦੈਰੀਦਾ ਦੀਆਂ ਕੋਈ ਦੋ ਕਿਤਾਬਾਂ ਦੇ ਨਾਂ ਲਿਖੋ।

ਖ) ਸੰਤ ਸਿੰਘ ਸੇਖੋਂ ਦੀਆਂ ਆਲੋਚਨਾ ਪੁਸਤਕਾਂ ਦੇ ਨਾਂ ਲਿਖੋ।

Scanned with CamScanner

Paper code-212404(b)

Roll no.....................

**Department of Punjabi**

**University of Delhi**

Name of Examination : M.A. Sem.II-2(Regular)

Subject : Punjabi

Course : 404(b)

Paper : History of Punjabi Literature

(Admission of 2009 & onwards)

(April-May, 2018)

**Time : 3 Hours** Maximum Marks :70

**Note: ਸਾਰੇ ਪ੍ਰਸ਼ਨ ਲਾਜ਼ਮੀ ਹਨ/ सभी प्रश्न अनिवार्य हैं/** All questions are compulsory

**ਭਾਗ-ਪਹਿਲਾ**

**भाग-1/Part-I**

1. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੇ ਕਿਹੜੇ ਮਸਲੇ ਹਨ? ਵਿਸਤਾਰ ਸਹਿਤ ਲਿਖੋ।
   पंजाबी साहित्यिक इतिहास लेखन के कौन से मसले हैं ?विस्तार सहित लिखो।
   What are the issues related to historiography of Punjabi literature.Write in detail.

ਜਾਂ/ या/ or

2. ਮੱਧਕਾਲੀਨ ਅਤੇ ਆਧੁਨਿਕ ਬੋਧ ਕੀ ਹੈ? ਤੁਲਨਾਤਮਕ ਅਧਾਰ ਤੇ ਇਨ੍ਹਾਂ ਦੀ ਵਿਆਖਿਆ ਕਰੋ।
   मध्यकालीन और आधुनिक बोध क्या है? तुलनात्मक आधार पर इन की व्याख्या करो।
   What is pre modern and modern cognition? Describe it comparatively.

**ਭਾਗ-ਦੂਜਾ/ भाग-II/Part-II**

**(ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ/ कोई तीन प्रश्नों के उत्तर लिखें/Answer any three questions)**

3. ਪੰਜਾਬੀ ਸੂਫ਼ੀ ਕਾਵਿ ਪਰੰਪਰਾ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਥਾਰ ਸਹਿਤ ਚਰਚਾ ਕਰੋ।
   पंजाबी सूफ़ी काव्य प्रम्परा के बारे में आप क्या जानते हैं? विस्तार से चर्चा करें।
   What do you know about Punjabi Sufi poetic tradition? Discuss in detail.

4. ਆਧੁਨਿਕ ਪੰਜਾਬੀ ਕਹਾਣੀ ਦੇ ਨਿਕਾਸ ਤੇ ਵਿਕਾਸ ਬਾਰੇ ਵਿਸਤਾਰ ਸਹਿਤ ਲਿਖੋ।
   आधुनिक पंजाबी कहानी के निकास व विकास के बारे में विस्तार सहित लिखो।
   Write a detailed note on origin and development of modern Punjabi short story.

5. ਪੰਜਾਬੀ ਵਾਰ-ਕਾਵਿ ਪਰੰਪਰਾ ਦਾ ਇਤਿਹਾਸਕ ਵਿਵਰਣ ਦਿਓ।
   पंजाबी वार काव्य परम्परा का इतिहासिक विवरण दो।

Scanned with CamScanner

Describe historical development of tradition of Punjabi vaar poetry.

6. ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਕਿਹੜੀਆਂ ਹਨ? ਵਿਸਤਾਰ ਸਹਿਤ ਦੱਸੋ।
आधुनिक पंजाबी कविता में मुख्य प्रवृत्तियाँ कौन सी हैं ? विस्तार से चर्चा करें।
What are the main tendencies of modern Punjabi poetry? Discuss in detail.

3×13=39

**ਭਾਗ–ਤੀਜਾ/ भाग/Part-III**

7. **ਨੋਟ**:-ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ/निम्न लिखित सभी प्रश्नों के संक्षिप्त उत्तर लिखें/ Give brief answers to all the following questions.

i) ਉਨ੍ਹਾਂ ਛੇ ਗੁਰੂ ਕਵੀਆਂ ਦੇ ਨਾਂ ਲਿਖੋ,ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।
उन छः गुरु कविओं के नाम लिखो ,जिनकी बाणी गुरु ग्रन्थ साहिब में दर्ज है।
Write the names of those guru poets whose writings are in Guru Granth Sahib.

ii) ਪੰਜਾਬੀ ਸਾਹਿਤ ਦੀ ਕਾਲ ਵੰਡ ਕਰਨ ਵਾਲੇ ਤਿੰਨ ਇਤਿਹਾਸਕਾਰਾਂ ਦੇ ਨਾਂ ਲਿਖੋ।
पंजाबी साहित्य का काल विभाजन करने वाले तीन इतिहास लेखकों के नाम लिखो।
Write the names of three historiographer related to time period division.

iii) ਕਿੱਸਾ ਕਾਵਿ ਦੀਆਂ ਵਿਸ਼ੇਸ਼ਤਾਵਾਂ ਲਿਖੋ।
क़िस्सा काव्य की विशेषताएँ लिखो
Write about the main characteristics of Qissa poetry.

iv) ਆਧੁਨਿਕ ਪੰਜਾਬੀ ਸਾਹਿਤ ਦੇ ਤਿੰਨ ਰੁਮਾਂਸਵਾਦੀ ਕਵੀਆਂ ਦੇ ਨਾਂ ਲਿਖੋ।
आधुनिक पंजाबी साहित्य के तीन रोमांसवादी कविओं के नाम लिखो।
Write the names of three romantic poets in Punjabi literature?

v) ਪੰਜਾਬੀ ਦੇ ਤਿੰਨ ਪ੍ਰਮੁੱਖ ਨਾਵਲਕਾਰਾਂ ਦੇ ਨਾਂ ਲਿਖੋ।
पंजाबी के तीन प्रमुख्य उपन्यासकारों के नाम लिखो।
Write the names of three main Punjabi novelists?

5×3=15

Scanned with CamScanner